6/12/2022
ਕੀ-1

**ਦਫਤਰ: ਡਾਇਰੈਕਟਰ ਸਿਖਿਆ ਵਿਭਾਗ(ਸੈ.ਸਿ.) ਪੰਜਾਬ, ਸ.ਅ.ਸ.ਨਗਰ।**

**(ਸੈਕੰਡਰੀ ਸਿਖਿਆ ਸ਼ਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ.ਸਿ/ਐ.ਸਿ)

ਸਮੂਹ ਸਕੂਲ ਮੁਖੀ (ਵੈਬਸਾਈਟ ਰਾਹੀਂ)

ਮੀਮੋ ਨੰਬਰ DPISE-SEDU0RENM/8/2022-DPI-SE-SAS Nagar/202232006

ਮਿਤੀ: ਸ.ਅ.ਸ.ਨਗਰ, 06-12-2022

ਵਿਸ਼ਾ:- ਸਿੱਖਿਆ ਵਿਭਾਗ ਦੇ ਵਿਦਿਅਕ ਅਦਾਰਿਆਂ ਦੇ ਨਾਮ ਮਹੱਤਵਪੂਰਣ ਸ਼ਖਸੀਅਤਾਂ ਦੇ ਨਾਮ ਤੇ ਰੱਖਣ ਸਬੰਧੀ ਬਣਾਏ ਗਏ ਪੋਰਟਲ ਨੂੰ ਜਨਤਕ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਰਕਾਰ ਨੂੰ ਪੰਚਾਇਤਾਂ/ਨਗਰ ਕੌਂਸਲਰਾਂ ਵੱਲੋਂ ਸਕੂਲਾਂ ਦੇ ਨਾਂ ਮਹੱਤਵਪੂਰਣ ਸ਼ਖਸੀਅਤਾਂ ਦੇ ਨਾਂ ਤੇ ਰੱਖਣ ਸਬੰਧੀ ਪ੍ਰਤੀ ਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ ਜਦੋਂ ਕਿ ਇਸ ਸਬੰਧ ਵਿੱਚ ਦਫਤਰ ਵੱਲੋਂ ਸਿੱਖਿਆ ਵਿਭਾਗ ਦੇ ਵਿਦਿਅਕ ਅਦਾਰਿਆਂ ਦੇ ਨਾਮ ਮਹੱਤਵਪੂਰਣ ਸ਼ਖਸੀਅਤਾਂ ਦੇ ਨਾਮ ਤੇ ਰੱਖਣ ਸਬੰਧੀ ਪੱਤਰ ਨੰਬਰ DPISE-SEDURENM/27/2020-SecondaryEducation-DPISE/202124522 ਮਿਤੀ 22-01-2021 ਰਾਹੀਂ ਪਾਲਿਸੀ ਜਾਰੀ ਕੀਤੀ ਹੋਈ ਹੈ। ਇਸ ਪਾਲਿਸੀ ਅਨੁਸਾਰ ਆਨਲਾਈਨ ਪੋਰਟਲ ਤੇ ਸਕੂਲ ਮੁਖੀਆਂ ਵੱਲੋਂ ਕੇਸ ਅਪਲਾਈ ਕੀਤੇ ਜਾਂਦੇ ਹਨ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਪਿੰਡਾਂ ਦੀਆਂ ਪੰਚਾਇਤਾਂ/ਪਿੰਡ ਵਾਸੀਆਂ/ਨਗਰ ਕੌਂਸਲਰਾਂ ਅਤੇ ਹਰ ਸੰਸਥਾਵਾਂ ਦੇ ਮੁਖੀਆਂ ਨਾਲ ਨਿੱਜੀ ਪੱਧਰ ਤੇ ਰਾਬਤਾ ਕਾਇਮ ਕਰਦੇ ਹੋਏ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਜਾਵੇ ਕਿ ਜੇਕਰ ਕਿਸੇ ਸਕੂਲ ਦਾ ਨਾਂ ਉਨ੍ਹਾਂ ਵੱਲੋਂ ਮਹੱਤਵਪੂਰਣ ਸ਼ਖਸੀਅਤ ਦੇ ਨਾਂ ਤੇ ਰੱਖਣਾ ਹੈ ਤਾਂ ਇਹ ਸਰਕਾਰ ਵੱਲੋਂ ਉਪਰੋਕਤ ਨਿਰਧਾਰਤ ਕੀਤੀ ਪਾਲਿਸੀ ਅਨੁਸਾਰ ਆਨਲਾਈਨ ਪੋਰਟਲ ਤੇ ਸਕੂਲ ਮੁਖੀ ਰਾਹੀਂ ਅਪਲਾਈ ਕੀਤਾ ਜਾਣਾ ਹੈ। ਇਹ ਜਾਣਕਾਰੀ ਹਰ ਹਾਲ ਵਿੱਚ ਸਾਂਝੀ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਵੱਧ ਤੋਂ ਵੱਧ ਆਮ ਲੋਕ ਇਸ ਆਨਲਾਈਨ ਪੋਰਟਲ ਸਬੰਧੀ ਜਾਣੂ ਹੋ ਸਕਣ ਅਤੇ ਇਸ ਦਾ ਲਾਭ ਲੈ ਸਕਣ।

ਸਹਾਇਕ ਡਾਇਰੈਕਟਰ (ਸੈ.ਸਿ.)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪੱਤਰ ਨੰ. ਜੀ-1/1/2022/1952 ਮਿਤੀ: 07.12.2022
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

7/12/22
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ।